# ਦਫਤਰ ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ

ਨਗਰ ਨਗਮ,ਐਸ.ਏ.ਐਸ.ਨਗਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 12/02/2020 ਨੂੰ ਬਾਅਦ ਦੁਪਿਹਰ 1.00 ਵਜੇ ਸ੍ਰੀ ਕੁਲਵੰਤ ਸਿੰਘ, ਮੇਅਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਦੀ ਪ੍ਰਧਾਨਗੀ ਹੇਠ ਦਫਤਰ ਨਗਰ ਨਿਗਮ, ਐਸ.ਏ ਐਸ.ਨਗਰ ਵਿਖੇ ਹੋਈ ਹੈ। ਜਿਸ ਵਿੱਚ ਹੇਠ ਲਿਖੇ ਅਨੁਸਾਰ ਹਾਜਰ ਆਏ।

(1) ਡਾ.ਕਮਲ ਕੁਮਾਰ ਗਰਗ,ਪੀ.ਸੀ.ਐਸ,ਕਮਿਸ਼ਨਰ (2) ਸ੍ਰੀ ਰਿਸ਼ਵ ਜੈਨ,ਸੀਨੀਅਰ ਡਿਪਟੀ ਮੇਅਰ (3) ਸ੍ਰੀ ਮਨਜੀਤ ਸਿੰਘ ਸੇਠੀ, ਡਿਪਟੀ ਮੇਅਰ
(4) ਸ੍ਰੀ ਅਮਰੀਕ ਸਿੰਘ ਸੋਮਲ, ਮੈਂਬਰ (5) ਸ੍ਰੀ ਫੂਲਰਾਜ ਸਿੰਘ, ਮੈਂਬਰ

| Sr. No | Resolution No | Date of Meeting | Resolution Description | Orders of Competent Authority<br>ਪ੍ਰਵਾਨਗੀ ਐਫ.ਐਂਡ ਸੀ.ਸੀ |
|---|---|---|---|---|
| 1 | 1950 | 12.02.20 | **ਪਾਰਕਾਂ ਵਿੱਚ ਕੰਮਪੋਸਟ ਪਿੱਟਾਂ ਬਣਾਉਣ ਸਬੰਧੀ (ਜੋਨ-1, ਜੋਨ-2, ਜੋਨ-3 ਅਤੇ ਜੋਨ-4,)।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਨਗਰ ਨਿਗਮ ਵੱਲੋਂ ਪਾਰਕਾਂ ਵਿੱਚ ਕੰਮਪੋਸਟ ਪਿੱਟਾਂ ਬਣਾਉਣ ਲਈ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 1917 ਦੇ ਲੜੀ ਨੰ: 5, 6, 7, 8 ਮਿਤੀ 17.12.2019 ਰਾਹੀਂ ਪ੍ਰਸ਼ਾਸ਼ਕੀ ਪ੍ਰਵਾਨਗੀ ਦਿੱਤੀ ਗਈ ਸੀ। ਇਹਨਾਂ ਤਖਮੀਨਿਆਂ ਅਨੁਸਾਰ ਤਖਮੀਨਿਆਂ ਵਿੱਚ ਖੁਦਾਈ ਕਰਕੇ ਜਾਲੀ ਟਾਈਪ ਇੱਟਾਂ ਦੀ ਪਿੱਟ ਤਿਆਰ ਕੀਤੀ ਜਾਣੀ ਸੀ। ਮਿਤੀ 30 ਜਨਵਰੀ, 2020 ਨੂੰ ਮਾਨਯੋਗ ਕਮਿਸ਼ਨਰ ਨਗਰ ਨਿਗਮ ਜੀ ਵੱਲੋਂ PMIDC ਦੇ ਸਵੱਛ ਭਾਰਤ ਦੇ ਅਧਿਕਾਰੀਆਂ ਨਾਲ ਸਾਂਝੇ ਤੌਰ ਤੇ ਨਗਰ ਨਿਗਮ ਚੰਡੀਗੜ੍ਹ ਵਿੱਚ ਬਣੀਆਂ ਕੰਮਪੋਸਟ ਪਿੱਟਾਂ ਦਾ ਪਾਰਕਾਂ ਵਿੱਚ ਦੌਰਾ ਕੀਤਾ ਗਿਆ। ਨਗਰ ਨਿਗਮ ਚੰਡੀਗੜ੍ਹ ਵੱਲੋਂ ਪਾਰਕਾਂ ਵਿੱਚ ਕੰਮਪੋਸਟ ਪਿੱਟਾਂ MS Jali/ Angle Iron ਲਗਾ ਕੇ ਬਣਾਈਆਂ ਗਈਆਂ ਹਨ। ਮਾਨਯੋਗ ਕਮਿਸ਼ਨਰ, ਨਗਰ ਨਿਗਮ, ਐਸ.ਏ.ਐਸ.ਨਗਰ ਜੀ ਵੱਲੋਂ ਹੁਕਮ ਕੀਤੇ ਗਏ ਹਨ ਕਿ ਨਗਰ ਨਿਗਮ, ਚੰਡੀਗੜ੍ਹ ਦੀ ਤਰਜ ਤੇ ਐਸ.ਏ.ਐਸ.ਨਗਰ ਸ਼ਹਿਰ ਵਿਖੇ ਕੰਮਪੋਸਟ ਪਿੱਟਾਂ ਤਿਆਰ ਕੀਤੀਆਂ ਜਾਣ। ਨਗਰ ਨਿਗਮ ਵੱਲੋਂ ਵਿਸ਼ੇ ਅਧੀਨ ਕੰਮਾਂ ਦੇ ਆਪਣੇ ਟੈਂਡਰ ਨੋਟਿਸ ਨੰ: 104 ਮਿਤੀ 16.01.2020 ਭਰਨ ਦੀ ਆਖਰੀ ਮਿਤੀ 08.02.2020 ਹੈ।<br>ਇਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਚੰਡੀਗੜ੍ਹ ਦੀ ਤਰਜ ਤੇ ਮੋਹਾਲੀ ਦੇ ਪਾਰਕਾਂ ਵਿੱਚ ਕੰਮਪੋਸਟ ਪਿੱਟਸ ਤਿਆਰ ਕਰਨ ਲਈ ਰਿਵਾਇਜਡ ਤਖਮੀਨੇ ਤਿਆਰ ਕੀਤੇ ਗਏ ਹਨ। ਰਿਵਾਇਜਡ ਤਖਮੀਨਿਆਂ ਵਿੱਚ ਆਈਟਮਾਂ ਦੀ ਤਬਦੀਲੀ ਕੀਤੀ ਗਈ ਹੈ, ਤਖਮੀਨਿਆਂ ਦੀ ਅਨੁਮਾਨਤ ਲਾਗਤ ਵਿੱਚ ਕੋਈ ਵਾਧਾ ਨਹੀਂ ਕੀਤਾ ਗਿਆ। ਰਿਵਾਇਜਡ ਤਖਮੀਨਿਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ। ਪਾਰਕਾਂ ਵਿੱਚ ਕੰਮਪੋਸਟ ਪਿੱਟ 28 ਫਰਵਰੀ,2020 ਤੋਂ ਪਹਿਲਾਂ-ਪਹਿਲਾਂ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>ਤਿਆਰ ਕੀਤੀਆਂ ਜਾਣੀਆਂ ਹਨ।ਇਸ ਲਈ ਵਿੱਤ ਅਤੇ ਠੇਕਾ ਕਮੇਟੀ ਵਿੱਚ ਪਾਸ ਹੋਣ ਦੀ ਆਸ ਵਿੱਚ ਅਤੇ ਵੈਬਸਾਈਟ ਤੇ ਕੋਰੀਜੰਡਮ ਲਗਾਉਣ ਲਈ ਕੇਸ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 05.02.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਭੇਜਿਆ ਗਿਆ, ਜਿੰਨ੍ਹਾਂ ਵੱਲੋਂ ਇਸਦੀ ਪ੍ਰਵਾਨਗੀ ਮਿਤੀ 05.02.2020 ਨੂੰ ਦੇ ਦਿੱਤੀ ਗਈ ਹੈ, ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
<table>
<tr><th>ਲੜੀ ਨੰ:</th><th>ਕੰਮ ਦੇ ਤਖਮੀਨੇ ਦਾ ਨਾਮ</th><th>ਤਖਮੀਨੇ ਦੀ ਅਨੁਮਾਨਤ ਲਾਗਤ</th></tr>
<tr><td>1</td><td>ਕੰਨਸਟਰਕਸ਼ਨ ਆਫ ਕੰਮਪੋਸਟ ਪਿੱਟ ਇੰਨ ਡਿਫਰੈਂਟ ਪਾਰਕ ਆਫ ਐਸ.ਏ.ਐਸ.ਨਗਰ (ਜੋਨ-1)</td><td>14.99 ਲੱਖ</td></tr>
<tr><td>2</td><td>ਕੰਨਸਟਰਕਸ਼ਨ ਆਫ ਕੰਮਪੋਸਟ ਪਿੱਟ ਇੰਨ ਡਿਫਰੈਂਟ ਪਾਰਕ ਆਫ ਐਸ.ਏ.ਐਸ.ਨਗਰ (ਜੋਨ-2)</td><td>14.99 ਲੱਖ</td></tr>
<tr><td>3</td><td>ਕੰਨਸਟਰਕਸ਼ਨ ਆਫ ਕੰਮਪੋਸਟ ਪਿੱਟ ਇੰਨ ਡਿਫਰੈਂਟ ਪਾਰਕ ਆਫ ਐਸ.ਏ.ਐਸ.ਨਗਰ (ਜੋਨ-3)</td><td>14.99 ਲੱਖ</td></tr>
<tr><td>4</td><td>ਕੰਨਸਟਰਕਸ਼ਨ ਆਫ ਕੰਮਪੋਸਟ ਪਿੱਟ ਇੰਨ ਡਿਫਰੈਂਟ ਪਾਰਕ ਆਫ ਐਸ.ਏ.ਐਸ.ਨਗਰ (ਜੋਨ-4)</td><td>14.99 ਲੱਖ</td></tr>
</table>
</td><td></td></tr>
<tr><td>2</td><td>1951</td><td>12.02.20</td><td><u>Annual Maintenance of AC Plant in MC Bhawan S.A.S.Nagar for one year.</u> (E/C= 6.51 Lacs)<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਿਜਲੀ) ਕਿ ਨਗਰ ਨਿਗਮ ਵੱਲੋਂ ਆਪਣੇ ਵਰਕ ਆਰਡਰ ਨੰ: 46/40 ਮਿਤੀ 10.04.2018 ਨੂੰ ਉਕਤ ਕੰਮ Prince Air Con ਨੂੰ ਅਲਾਟ ਕੀਤਾ ਗਿਆ ਸੀ। ਉਕਤ ਕੰਮ ਮਿਤੀ 31.10.2019 ਨੂੰ ਖਤਮ ਹੋ ਗਿਆ ਹੈ। ਇਹ ਕੰਮ AC Plant ਦੀ ਸਲਾਨਾ ਮੇਨਟੀਨੈਂਸ ਦਾ ਕੰਮ ਹੈ।ਇਥੇ ਇਹ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦੀ ਬਿਲਡਿੰਗ ਵਿੱਚ ਕੋਈ ਵੀ ਖਿੜਕੀ ਵਗੈਰਾ ਨਹੀਂ ਹੈ ਅਤੇ ਨਾ ਹੀ ਬਾਹਰੋਂ ਕੋਈ ਹਵਾ ਅੰਦਰ ਪ੍ਰਵੇਸ਼ ਹੁੰਦੀ ਹੈ। ਬਿਲਡਿੰਗ ਵਿੱਚ ਹਵਾ ਦੀ ਨਿਕਾਸੀ ਨਾ ਹੋਣ ਅਤੇ ਗਰਮੀ ਹੋਣ ਕਾਰਨ ਦਫਤਰ ਦੇ ਕੰਮ-ਕਾਜ ਵਿੱਚ ਬਹੁਤ ਮੁਸ਼ਕਲ ਪੇਸ਼ ਆਉਂਦੀ ਹੈ ਜਿਸ ਕਾਰਨ ਦਫਤਰ ਵਿੱਚ ਕੰਮ ਕਰਨਾ ਬਹੁਤ ਮੁਸ਼ਕਲ ਹੁੰਦਾ ਹੈ। ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਦਫਤਰ ਵਿਖੇ ਸੁਵਿਧਾ ਸੈਂਟਰ ਤੇ ਅਤੇ</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

<table>
<tr><td></td><td></td><td></td><td>ਪ੍ਰਾਪਰਟੀ ਟੈਕਸ ਜਮ੍ਹਾਂ ਕਰਵਾਉਣ ਲਈ ਪਬਲਿਕ ਆਉਂਦੀ ਰਹਿੰਦੀ ਹੈ।ਬਿਲਡਿੰਗ ਵਿੱਚ ਹਵਾ ਦੀ ਨਿਕਾਸੀ ਨਾ ਹੋਣ ਅਤੇ ਗਰਮੀ ਵਧਣ ਕਾਰਨ ਦਫਤਰ ਦੇ ਕੰਮ-ਕਾਜ ਵਿੱਚ ਅਤੇ ਪਬਲਿਕ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਨਗਰ ਨਿਗਮ ਦੀ ਦਿੱਖ ਵੀ ਖਰਾਬ ਹੁੰਦੀ ਹੈ।ਜਿਸ ਕਰਕੇ ਉਕਤ ਸਬੰਧੀ ਹੇਠ ਲਿਖੇ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ :-<br><br>
<table><tr><td>Annual Maintenance of AC Plant in MC Bhawan S.A.S. Nagar for one year.</td><td>E/C = 6.51 Lacs.</td></tr></table>
<br>ਉਕਤ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਪਾਸ ਹੋਣ ਦੀ ਆਸ ਵਿੱਚ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਮਿਤੀ 06.02.2020 ਨੂੰ ਮਾਨਯੋਗ ਮੇਅਰ ਸਾਹਿਬ ਜੀ ਨੂੰ ਭੇਜਿਆ ਗਿਆ, ਜਿੰਨ੍ਹਾਂ ਵੱਲੋਂ ਇਸਦੀ ਪ੍ਰਵਾਨਗੀ ਮਿਤੀ 06.02.2020 ਨੂੰ ਦੇ ਦਿੱਤੀ ਗਈ ਹੈ, ਜੋ ਕਿ ਵਿੱਤ ਅਤੇ ਠੇਕਾ ਕਮੇਟੀ ਦੀ ਜਾਣਕਾਰੀ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।</td><td></td></tr>
<tr><td>3</td><td>1952</td><td>12.02.20</td><td><u>Annual maintenance of Street Light in Village Kumbra, Sohana, Cow shelter, Phase-10, library, Store MC building, Night Shelter, Fire Brigade on Dc rate. (E/c 13.48 Lacs)</u><br>ਰਿਪੋਰਟ ਇੰਜੀਨੀਅਰਿੰਗ ਸਾਖਾ ਕਿ ਨਗਰ ਨਿਗਮ ਵੱਲੋ Annual Maintenance of Street Light in village Sohana, Kumbra, Cow Shelter, Phase-10 library, Store, Night Shelter. ਦਾ ਕੰਮ ਆਪਣੇ ਵਰਕ ਆਰਡਰ ਨੰ. 25/7 ਮਿਤੀ 08.03.2019 ਰਾਹੀਂ ਅਲਾਟ ਕੀਤਾ ਗਿਆ ਸੀ, ਉਕਤ ਕੰਮ ਖਤਮ ਹੋਣ ਵਾਲਾ ਹੈ। ਇਸ ਲਈ ਅਗਲੇ ਸਾਲ ਦਾ ਤਖਮੀਨਾ ਬਣਾਇਆ ਗਿਆ ਹੈ। ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਇੱਕ ਲੇਬਰ ਸਪਲਾਈ ਦਾ ਕੰਮ ਹੈ ਜੋ ਕਿ ਠੇਕੇਦਾਰ ਤੋ ਡੀ. ਸੀ. ਰੇਟ ਤੇ ਲਈ ਜਾਂਦੀ ਹੈ। ਨਗਰ ਨਿਗਮ ਵੱਲੋ ਸੋਹਾਣਾ, ਕੁੰਭੜਾ ਅਤੇ ਨਗਰ ਨਿਗਮ ਅਧੀਨ ਪੈਂਦੀਆਂ ਬਿਲਡਿੰਗਾਂ ਜਿਵੇਂ ਕਿ ਲਾਇਬ੍ਰੇਰੀਆਂ, ਨਾਈਟ ਸੈਲਟਰ, ਗਊਸਾਲਾ, ਫਾਇਰ ਬ੍ਰਿਗੇਡ ਆਦਿ ਦੀ ਮੈਨਟੀਨੈਸ ਦਾ ਕੰਮ ਆਪਣੇ ਪੱਧਰ ਤੇ ਕੀਤਾ ਜਾਂਦਾ ਹੈ। ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ। ਜਿਸ ਕਰਕੇ ਉਕਤ ਹੇਠ ਲਿਖੇ ਅਨੁਸਾਰ ਤਖਮੀਨਾ ਤਿਆਰ ਕੀਤਾ ਗਿਆ ਹੈ:-<br>Annual maintenance of Street Light in Village Kumbra, Sohana, Cow shelter, Phase-10, library, Store MC building, Night Shelter, Fire Brigade on Dc rate. (E/c 13.48 Lacs)</td><td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td></tr>
</table>

| | | | | |
|---|---|---|---|---|
| | | | ਉਕਤ ਤਖਮੀਨੇ ਸਬੰਧੀ ਨਿਗਰਾਨ ਇੰਜੀਨੀਅਰ ਵੱਲੋਂ ਕੀਤੇ ਪ੍ਰੇਖਣ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਵੱਲੋਂ ਸਟਰੀਟ ਲਾਈਟ ਦੇ ਪਿੰਡ ਸੋਹਾਣਾ, ਕੁੰਭੜਾ, ਪੀ.ਸੀ.ਐਲ. ਤੋ ਫਰਨੀਚਰ ਮਾਰਕੀਟ ਤੱਕ ਅਤੇ ਪੁਰਾਣੇ ਡੀ.ਸੀ. ਦਫਤਰ ਫੇਜ-1 ਨੂੰ ਮਿਲਾ ਕੇ ਕੁੱਲ 1210 ਪੁਆਇੰਟ ਮੈਨਟੇਨ ਕੀਤੇ ਜਾ ਰਹੇ ਹਨ। ਜਿਹਨਾ ਨੂੰ ਜੇਕਰ eSmart Energy Solution Pvt Ltd ਨੂੰ ਹੈਂਡਓਵਰ ਕੀਤਾ ਜਾਂਦਾ ਹੈ ਤਾਂ 1210X137.55/-ਰੁਪਏ = 1,66,435/- ਰੁਪਏ ਪ੍ਰਤੀ ਮਹੀਨਾ ਅਤੇ 19,97,220/- ਰੁਪਏ ਸਲਾਨਾ ਖਰਚਾ ਆਉਣ ਦੀ ਸੰਭਾਵਨਾ ਹੈ। ਇਸ ਤੋ ਇਲਾਵਾ ਨਗਰ ਨਿਗਮ ਅਧੀਨ ਪੈਂਦੀਆਂ ਬਿਲਡਿੰਗਾਂ ਜਿਵੇਂ ਕਿ ਲਾਇਬ੍ਰੇਰੀਆਂ, ਨਾਈਟ ਸੈਲਟਰ, ਗਊਸਾਲਾ, ਫਾਇਰ ਬ੍ਰਿਗੇਡ ਅਤੇ ਪਾਰਕਾਂ/ ਸਟਰੀਟ ਲਾਈਟਾਂ ਦੇ ਬਿਜਲੀ ਦੇ ਬਿੱਲ ਕਢਵਾਉਣ ਅਤੇ ਜਮਾਂ ਕਰਵਾਉਣ ਲਈ ਨਗਰ ਨਿਗਮ ਨੂੰ ਲੇਬਰ ਵੱਖਰੇ ਤੌਰ ਤੇ ਲੈਣੀ ਪਵੇਗੀ। ਇਸ ਲਈ ਉਕਤ ਕੰਮ ਲਈ ਉਕਤ ਤਿਆਰ ਕੀਤਾ ਗਿਆ ਤਖਮੀਨਾ ਕਮਿਸਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ ਹੈ। | |
| 4 | 1953 | 12.02.20 | **ਅੰਬਾਂ ਦੇ ਬੂਟਿਆਂ ਨੂੰ 2 ਸਾਲਾਂ ਲਈ ਠੇਕੇ ਤੇ ਦੇਣ ਸਬੰਧੀ ਖੁੱਲੀ ਬੋਲੀ ਰੱਖਣ ਬਾਰੇ।**<br><br>ਰਿਪੋਰਟ ਇੰਜੀਨੀਅਰਿੰਗ ਸ਼ਾਖਾ (ਬਾਗਬਾਨੀ) ਕਿ ਨਗਰ ਕੌਸਲ ਹੁਣ ਨਗਰ ਨਿਗਮ ਵੱਲੋਂ ਮਤਾ ਨੰ: 11/535 ਮਿਤੀ 28-05-2009 ਰਾਹੀਂ ਫੈਸਲਾ ਕੀਤਾ ਗਿਆ ਸੀ ਕਿ ਨਗਰ ਕੌਸਲ ਹੁਣ ਨਗਰ ਨਿਗਮ ਦੇ ਅਧੀਨ ਪੈਂਦੀਆਂ ਪਾਰਕਾਂ ਗਰੀਨ ਬੈਲਟਾਂ ਇੰਡ: ਏਰੀਆ ਫੇਜ-3 ਅਤੇ ਇੰਡ: ਏਰੀਆ ਫੇਜ-6 ਦੀਆਂ ਮੈਗੋ ਬੈਲਟਾਂ ਵਿੱਚ ਲੱਗੇ ਅੰਬਾਂ ਦੇ ਬੂਟਿਆਂ ਨੂੰ 2 ਸਾਲਾਂ ਲਈ ਠੇਕੇ ਤੇ ਦਿੱਤਾ ਜਾਇਆ ਕਰੇ।ਇਸ ਅਨੁਸਾਰ ਮਾਰਚ 2018 ਵਿੱਚ 2 ਸਾਲ ਲਈ ਠੇਕੇ ਤੇ ਦੇਣ ਲਈ ਬੋਲੀ ਕੀਤੀ ਗਈ ਸੀ, ਜਿਸ ਦਾ ਠੇਕਾ ਮਾਰਚ 2020 ਵਿੱਚ ਖ਼ਤਮ ਹੋ ਰਿਹਾ ਹੈ।<br>ਇਸ ਸਬੰਧੀ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਮਾਰਚ 2018 ਵਿੱਚ ਉਸ ਸਮੇਂ ਦੇ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਵੱਲੋਂ ਨਿਗਮ ਇੰਜੀਨੀਅਰ ਸ੍ਰੀ ਭੁਪਿੰਦਰ ਸਿੰਘ ਰਾਜਪੂਤ, ਸਹਾਇਕ ਨਿਗਮ ਇੰਜੀਨੀਅਰ (ਬਾਗਬਾਨੀ), ਡੀ.ਸੀ.ਐਫ.ਏ. ਅਤੇ ਜੇ.ਈ.ਬਾਗਬਾਨੀ ਇਹਨਾਂ ਅਧਿਕਾਰੀਆਂ ਦੀ ਕਮੇਟੀ ਦਾ ਗਠਨ ਮੈਂਗੋ ਬੈਲਟ ਦੀ ਬੋਲੀ ਕਰਵਾਉਣ ਲਈ ਕੀਤਾ ਗਿਆ ਸੀ,ਇਸ ਕਮੇਟੀ ਦੀ ਦੇਖ ਰੇਖ ਹੇਠ ਮੈਂਗੋ ਬੈਲਟ ਦੀ ਬੋਲੀ 2018 ਕਰਵਾਈ ਗਈ ਸੀ। ਸਾਲ 2016 ਵਿੱਚ ਬੋਲੀ ਦੀ ਰਿਜਰਵ ਕੀਮਤ 4.07 ਲੱਖ ਰੁਪਏ ਰੱਖੀ ਗਈ ਸੀ।ਉਕਤ ਬੋਲੀ ਵਿੱਚ ਸਭ ਤੋ ਵੱਧ ਬੋਲੀ 4,19,500/-ਰੁਪਏ ਆਈ ਸੀ ਅਤੇ ਮਾਰਚ 2018 ਵਿੱਚ 2 ਸਾਲਾ ਲਈ ਬੋਲੀ ਦੀ ਰਿਜਰਵ | ਤਜਵੀਜ ਅਨੁਸਾਰ ਬੋਲੀ ਦੀਆਂ ਸ਼ਰਤਾਂ ਅਤੇ ਰਿਜਰਵ ਕੀਮਤ ਸਰਬ ਸੰਮਤੀ ਨਾਲ ਪ੍ਰਵਾਨ ਹੈ ਅਤੇ ਇਹ ਵੀ ਫੈਸਲਾ ਕੀਤਾ ਗਿਆ ਕਿ ਤਜਵੀਜ ਅਨੁਸਾਰ ਬੋਲੀ ਕਰਵਾਉਣ ਲਈ ਕਮੇਟੀ ਦਾ ਗਠਨ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ।<br>1. ਸ੍ਰੀ ਅਸ਼ਵਨੀ ਚੌਧਰੀ, ਨਿਗਰਾਨ ਇੰਜੀਨੀਅਰ ਨਗਰ ਨਿਗਮ, ਮੋਹਾਲੀ<br>2. ਸ੍ਰੀ ਕਮਲਦੀਪ ਸਿੰਘ, ਏ.ਸੀ.ਈ., ਨਗਰ ਨਿਗਮ, ਮੋਹਾਲੀ। |

| | | | | |
|---|---|---|---|---|
| | | | ਕੀਮਤ 4.20 ਰੱਖੀ ਗਈ ਸੀ ਅਤੇ ਬੋਲੀ ਵਿੱਚ ਸਭ ਤੋ ਵੱਧ ਬੋਲੀ 7,62,000/-ਰੁਪਏ ਆਈ ਸੀ। ਸੋ ਹੁਣ ਅਗਲੇ 2 ਸਾਲਾਂ ਲਈ ਬੋਲੀ ਦੀ ਰਿਜਰਵ ਕੀਮਤ ਰੱਖਣੀ ਅਤੇ ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਰੱਖਣੀਆਂ ਯੋਗ ਹੋਣਗੀਆ:-<br><br>1) ਇਹ ਬਾਗ 2 ਸਾਲ ਲਈ ਠੇਕੇ ਤੇ ਦਿੱਤੇ ਜਾਣਗੇ।<br>2) ਕੰਮ ਦੀ ਬਿਆਨਾ ਰਕਮ 20,000/-ਰੁਪਏ ਹੋਵੇਗੀ।<br>3) ਬੋਲੀ ਦੀ ਰਿਜਰਵ ਕੀਮਤ 5.00 ਲੱਖ ਰੁਪਏ ਰੱਖੀ ਗਈ ਹੈ।<br>4) ਸਭ ਤੋ ਵੱਧ ਬੋਲੀ ਦੇਣ ਵਾਲੇ ਨੂੰ ਬੋਲੀ ਦਾ 50% ਮੌਕੇ ਤੇ ਜਮ੍ਹਾਂ ਕਰਵਾਉਣਾ ਪਵੇਗਾ। ਬਾਕੀ ਬੱਚਦੀ ਰਕਮ ਬੋਲੀ ਤੋ 15 ਦਿਨ ਦੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ।ਇਸ ਦੋਰਾਨ ਬੋਲੀਦਾਤਾ ਫੱਲ ਨਹੀਂ ਤੋੜ ਸਕਦਾ (ਜਦੋਂ ਤੱਕ ਬੋਲੀ ਦੇ ਪੂਰੇ ਪੈਸੇ ਜਮ੍ਹਾਂ ਨਹੀਂ ਹੁੰਦੇ)<br>5) ਠੇਕੇਦਾਰ ਦਾ ਸਬੰਧ ਸਿਰਫ ਫੱਲਦਾਰ ਬੂਟਿਆਂ ਨਾਲ ਹੀ ਹੋਵੇਗਾ। ਨਗਰ ਨਿਗਮ ਵੱਲੋਂ ਗਰੀਨ ਬੈਲਟ ਵਿੱਚ ਕੀਤਾ ਜਾਣ ਵਾਲਾ ਕੰਮ ਜਿਵੇਂ ਕਿ ਲੈਡ ਸਕੈਪਿੰਗ/ਸਿਵਲ ਆਦਿ ਦੇ ਕੰਮ ਵਿੱਚ ਠੇਕੇਦਾਰ ਦਾ ਕੋਈ ਦਖ਼ਲ ਨਹੀਂ ਹੋਵੇਗਾ।<br>6) ਬੂਟਿਆਂ ਦੀ ਸਾਂਭ ਸੰਭਾਲ/ਰਾਖੀ ਠੇਕੇਦਾਰ ਵੱਲੋਂ ਕੀਤੀ ਜਾਵੇਗੀ।<br>7) ਜੇਕਰ ਕਿਸੇ ਸਮੇਂ ਸਰਕਾਰ ਵੱਲੋਂ ਕੋਈ ਹਦਾਇਤਾਂ ਜਾਰੀ ਹੁੰਦੀਆਂ ਹਨ ਤਾਂ ਉਹ ਹਦਾਇਤਾਂ ਠੇਕੇਦਾਰ ਨੂੰ ਮੰਨਣਯੋਗ ਹੋਣਗੀਆਂ।<br>8) ਬੂਟਿਆਂ ਦੀ ਕੱਟ/ਵੱਡ ਕਿਸੇ ਵੀ ਕੀਮਤ ਤੇ ਨਹੀਂ ਕੀਤੀ ਜਾਵੇਗੀ।<br>9) ਜੇਕਰ ਜਰੂਰਤ ਪਈ ਤਾਂ ਬੂਟਿਆਂ ਦੀ ਛੰਗਾਈ ਦਾ ਕੰਮ ਨਗਰ ਨਿਗਮ ਦੇ ਅਧਿਕਾਰੀਆਂ ਦੀ ਦੇਖ-ਰੇਖ ਵਿੱਚ ਠੇਕੇਦਾਰ ਵੱਲੋਂ ਕੀਤਾ ਜਾਵੇਗਾ।<br>10) ਜੇਕਰ ਕੋਈ ਬੂਟਾ ਕਿਸੇ ਕਾਰਨ ਸੁੱਕ ਜਾਵੇਗਾ ਤਾਂ ਉਸ ਦਰੱਖਤ ਦੇ ਲੱਕੜ ਦੀ ਮਾਲਕ ਨਗਰ ਨਿਗਮ ਹੋਵੇਗੀ।<br>11) ਛੰਗਾਈ ਕੀਤੀ ਗਈ ਲੱਕੜ ਦੀ ਮਾਲਕ ਵੀ ਨਗਰ ਨਿਗਮ ਹੋਵੇਗੀ।<br>12) ਜੇਕਰ ਬਾਕੀ ਰਹਿੰਦੀ ਰਕਮ ਦਿੱਤੇ ਗਏ ਸਮੇਂ ਵਿੱਚ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਨਗਰ ਨਿਗਮ ਨੂੰ ਠੇਕੇਦਾਰ ਵੱਲੋਂ ਜਮ੍ਹਾਂ ਕਰਵਾਈ ਗਈ ਰਕਮ ਨੂੰ ਜ਼ਬਤ ਕਰਨ ਅਤੇ ਠੇਕਾ ਕੈਂਸਲ ਕਰਨ ਦਾ ਅਧਿਕਾਰ ਹੋਵੇਗਾ।<br>ਸੋ ਇਹਨਾਂ ਮੈਗੋ ਬੈਲਟਾਂ ਦੀ ਬੋਲੀ ਅਗਲੇ 2 ਸਾਲਾਂ ਲਈ ਕਰਵਾਉਣ, ਕਮੇਟੀ ਦਾ ਗਠਨ ਕਰਨ, ਬੋਲੀ ਦੀਆਂ ਸ਼ਰਤਾਂ ਅਤੇ ਬੋਲੀ ਦੀ ਰਿਜ਼ਰਵ ਕੀਮਤ ਰੱਖਣ ਦੀ ਤਜਵੀਜ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ। | 3. ਸ੍ਰੀ ਭੀਮ ਸੈਨ, ਸੁਪਰਡੰਟ ਨਗਰ ਨਿਗਮ, ਮੋਹਾਲੀ। |

<table>
<tr>
<td>5</td>
<td>1954</td>
<td>12.02.20</td>
<td>
<u>ਪਰਚੇਸ ਆਫ ਟੂ ਡੰਪਰ ਟਾਇਪ ਟਰੈਕਟਰ ਟਰੌਲੀਜ਼ ਫਾਰ ਮਿਉਸੰਪਲ ਕਾਰਪੋਰੇਸ਼ਨ, ਮੋਹਾਲੀ।</u>
ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਵਿਸੇ ਅਧੀਨ ਕੰਮ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਐਫ.ਐਂਡ.ਸੀ.ਸੀ. ਦੀ ਮੀਟਿੰਗ ਦੇ ਮਤਾ ਨੰ:1562, ਮਿਤੀ 20-08-2019 ਰੁਪੈ 5.50 ਲੱਖ ਦੀ ਦਿੱਤੀ ਗਈ ਹੈ।
ਉਪਰੋਕਤ ਕੰਮ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਇਸ ਦਫਤਰ ਦੇ ਟੈਂਡਰ ਨੋਟਿਸ ਨੰ:2198 ਮਿਤੀ 14-10-2019, ਲੜੀ ਨੰ: 2 ਰਾਹੀਂ ਕਾਲ ਕੀਤਾ ਗਿਆ।ਜਿਸ ਵਿੱਚ 3 ਏਜੰਸੀਆਂ ਵੱਲੋ ਭਾਗ ਲਿਆ ਗਿਆ ਹੈ।ਤਿੰਨਾਂ ਏਜੰਸੀਆਂ ਵੱਲੋ ਭਰੇ ਗਏ ਰੇਟਾਂ ਦੀ ਤੁਲਨਾਤਮਕ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-
<table>
<tr><th>ਲੜੀ ਨੰ:</th><th>ਫਰਮ/ਸੋਸਾਇਟੀ/ਠੇਕੇਦਾਰ ਦਾ ਨਾਮ</th><th>ਰੇਟ</th><th>% ਘੱਟ ਰੇਟ</th></tr>
<tr><td>1</td><td>Kakar Associates</td><td>357500/-</td><td>-35.00</td></tr>
<tr><td>2</td><td>Daljit Industries</td><td>429055/-</td><td>-21.99</td></tr>
<tr><td>3</td><td>Sirhind Body Builders</td><td>522500/-</td><td>-5.00</td></tr>
</table>
ਉਕਤ ਕੰਮ ਵਿੱਚ Kakar Associates ਵਲੋ ਭਰੇ ਗਏ ਰੇਟ 357500/- ਸਭ ਤੋ ਘੱਟ ਆਏ ਹਨ ਜੋ ਕਿ ਤਖਮੀਨੇ ਦੀ ਰਕਮ ਤੋ 35% ਘੱਟ ਹਨ।
ਉਪਰੋਕਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ।
</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

<table>
<tr>
<td>6</td>
<td>1955</td>
<td>12.02.20</td>
<td>

**ਪਰਚੇਸ ਆਫ ਬੁਕਸ ਇੰਨ ਦੀ ਲਾਇਬਰੇਰੀ ਸਿਟੁਏਟਿਡ ਇੰਨ ਦਾ ਲਿਮੇਟ ਆਫ ਐਮ.ਸੀ ਐਸ.ਏ.ਐਸ ਨਗਰ।**

ਰਿਪੋਰਟ ਇੰਜੀਨੀਅਰਿੰਗ ਸ਼ਾਖਾ ਕਿ ਵਿਸੇ ਅਧੀਨ ਕੰਮ ਦੀ ਪ੍ਰਸਾਸਕੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਦੇ ਮਤਾ ਨੰ:631 ਮਿਤੀ 17-10-2017 ਰੁਪੈ 12.00 ਲੱਖ ਦੀ ਦਿੱਤੀ ਗਈ ਹੈ।

ਉਪਰੋਕਤ ਕੰਮ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਇਸ ਦਫਤਰ ਦੇ ਟੈਂਡਰ ਨੋਟਿਸ ਨੰ: 488 ਮਿਤੀ 18-02-2019, 1548 ਮਿਤੀ 9-7-2019, 1865 ਮਿਤੀ 14-08-2019, 1332 ਮਿਤੀ 28-8-2019, ਅਤੇ 1974 ਮਿਤੀ 4-9-2019 ਰਾਹੀਂ ਰੀਕਾਲ ਕੀਤਾ ਗਿਆ।ਜਿਹਨਾਂ ਵਿੱਚ ਕੋਈ ਵੀ ਬਿੱਡ ਪ੍ਰਾਪਤ ਨਾ ਹੋਣ ਕਾਰਨ ਇਸ ਕੰਮ ਨੂੰ ਟੈਂਡਰ ਨੋਟਿਸ ਨੰ: 2176 ਮਿਤੀ 09-10-2019, ਲੜੀ ਨੰ: 8 ਰਾਹੀ ਰੀਕਾਲ ਕੀਤਾ ਗਿਆ ਸੀ।ਇਸ ਵਿੱਚ 1 ਸਭਾ ਵੱਲੋ ਭਾਗ ਲਿਆ ਗਿਆ ਹੈ।ਕਿਉਜੋ ਇਹ ਕੰਮ 6 ਵਾਰ ਕਾਲ ਕੀਤਾ ਗਿਆ ਇਸ ਲਈ ਇਸ ਦੀ ਪ੍ਰਾਇਸ ਬਿੱਡ ਖੋਲੀ ਗਈ, ਜਿਸ ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-

<table>
<tr><th>ਲੜੀ ਨੰ:</th><th>ਫਰਮ/ਸੋਸਾਇਟੀ/ਠੇਕੇਦਾਰ ਦਾ ਨਾਮ</th><th>ਕੋਟ ਕੀਤੇ ਰੇਟ</th></tr>
<tr><td>1</td><td>The Baba Gangaram Co-Operative Labour And Construction Society Limited</td><td>MRP of Book +10%</td></tr>
</table>

ਉਕਤ ਕੰਮ ਵਿੱਚ **Baba Gangaram Co-Operative Labour And Construction Society Limited** ਵਲੋ ਪ੍ਰਤੀ ਬੁਕ MRP+10% ਰੇਟ ਭਰੇ ਗਏ ਸਨ।ਜਿਸ ਉਪਰੰਤ ਸਭਾ ਨੂੰ ਰੇਟਾ ਦੀ ਨੇਗੋਸ਼ੀਏਸ਼ਨ ਕਰਨ ਸਬੰਧੀ ਟੈਲੀਫੋਨ ਰਾਹੀ ਕਾਲ ਕੀਤਾ ਗਿਆ ਜਿਸ ਸਬੰਧੀ ਸਭਾ ਵੱਲੋ ਲਿੱਖ ਕੇ ਦਿੱਤਾ ਗਿਆ ਕਿ ਉਹ ਇਹ ਕੰਮ ਤਖਮੀਨੇ ਦੀ ਰਕਮ ਤੋ 1% ਘੱਟ ਤੇ ਕੰਮ ਕਰਨ ਤੇ ਤਿਆਰ ਹਨ।

ਉਪਰੋਕਤ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ

</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | ਕਮੇਟੀ ਦੇ ਵਿਚਾਰ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ। | |
| 7 | 1956 | 12.02.20 | **Rough cost estimate for Replacement of New PVC pipeline of size 3" , 4" and 6" Dia with existing PVC pipe same Dia from House no. 573 to 574 at phase-1 from Ocean Hotel to E2 and Foji Dhaba to Shiva Dhaba at village Shahi majra distt S.A.S Nagar**<br>**(Amount = 1.94 Lacs)**<br><br>ਰਿਪੋਰਟ ਇੰਜੀਨੀਅਰਿੰਗ ਸਾਖਾ (ਓ ਐਂਡ ਐਮ) ਕਿ ਵਿਸੇ ਸਬੰਧੇ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ 2, ਮੋਹਾਲੀ ਵਲੋ ਆਪਣੇ ਪੱਤਰ ਨੰ: 6266 ਮਿਤੀ 07 10 2019 ਰਾਹੀ 1.94 ਲੱਖ ਰੁਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸਾਸਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ। ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ "ਫੇਜ-1 ਵਿਖੇ ਸਥਿਤ ਹਾਊਸ ਨੰ: 573 ਤੋਂ 574 ਤੱਕ ਪੀਣ ਵਾਲੇ ਪਾਣੀ ਦੀ ਲਾਈਨ ਵਿਚ ਲਗਾਤਾਰ ਲੀਕਜ ਹੁੰਦੀ ਹੈ। ਜਿਸ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਫੇਜ-1 ਵਿਖੇ ਸਥਿਤ ਪਾਈਪਲਾਈਨ ਨੂੰ ਬਦਲਣ ਦੀ ਸਿਫਾਰਸ ਕੀਤੀ ਗਈ ਹੈ। ਇਸ ਸਬੰਧੀ ਸੰਬਧਤ ਵਸਨੀਕ ਵੱਲੋਂ ਵੀ ਲਿਖਤੀ ਰੂਪ ਵਿੱਚ ਇਸ ਮੰਡਲ ਦਫਤਰ ਨੂੰ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਪਿੰਡ ਸਾਹੀ ਮਾਜਰਾ ਦੇ ਸਬੰਧਤ ਉਪ ਮੰਡਲ ਇੰਜੀਨੀਅਰ ਵੱਲੋਂ ਪਾਈਪ ਲਾਈਨ ਨੂੰ ਬਦਲਣ ਦੀ ਸਿਫਾਰਸ ਕੀਤੀ ਗਈ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਨਵੀਂ PVC Pipe ਦਾ ਕੱਚੇ ਅੰਕੜਿਆ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ" ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ। ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਏ ਤੇ ਸੈਨੀਟੇਸ.ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ। ਉਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਡਿਪਾਰਟਮੈਂਟ ਦੇ ਸਟਾਫ ਵੱਲੋਂ ਮੌਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੌਕੇ ਤੇ ਕੰਮ ਹੋਣ ਵਾਲਾ ਹੈ। ਇਸ ਲਈ ਤਖਮੀਨੇ ਦੀ ਰਕਮ (1,92,060/- ਰੁਪੈ ਅਤੇ ਐਡਵਰਟਾਈਜਮੈਟ ਚਾਰਜਜ ਦੀ ਰਕਮ 1,921/-ਰੁਪਏ) ਕੁੱਲ ਰਕਮ 1,93,981/-ਰੂਪੈ ਦੀ | ਸਰਬ ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>ਪ੍ਰਸਾਸਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਸਬੰਧੀ ਕੇਸ ਕਮਿਸਨਰ ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ ਹੈ।</td><td></td></tr>
<tr><td>8</td><td>1957</td><td>12.02.20</td><td>ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਤਕਨੀਕੀ ਪ੍ਰਵਾਨਗੀ ਤੋਂ ਬਾਅਦ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><th>ਲੜੀ ਨੰ:</th><th>ਕੰਮ ਦੇ ਤਖਮੀਨੇ ਦਾ ਨਾਮ</th><th>ਅਨੁਮਾਨਤ ਲਾਗਤ (ਲੱਖਾਂ ਵਿੱਚ)</th></tr>
<tr><td>1</td><td>ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰਬਰ 5, ਬੀ ਰੋਡ, ਹਾਊਸ ਨੰ. 69 ਟੂ 83 ਫੇਜ਼-1</td><td>14.31 ਲੱਖ</td></tr>
<tr><td>2</td><td>ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰ.5 ਹਾਊਸ ਨੰ. 492-504, 505-512, 513-520 ਫੇਜ਼-2</td><td>14.72 ”</td></tr>
<tr><td>3</td><td>ਪੋਵਾਈਡਿੰਗ ਐਂਡ ਲੇਇੰਗ ਆਫ ਨਿਊ ਕਰਬਸ, ਚੈਨਲ ਐਂਡ ਰਿਪੇਅਰ ਸਾਢੇ ਸੱਤ ਮਰਲਾ ਐਂਡ 10 ਮਰਲਾ ਪਾਕਿਟਸ ਆਫ ਪਾਰਕ ਬਲਾਕ ਇੰਨ ਵੇਰੀਅਸ ਏਰੀਆ ਇੰਨ ਵਾਰਡ ਨੰ: 5, ਫੇਜ-1</td><td>14.45 ”</td></tr>
<tr><td>4</td><td>ਰਫ ਕਾਸਟ ਐਸਟੀਮੈਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ 60ਐਮਐਮ ਪੇਵਰ ਬਲਾਕਸ ਇੰਨ ਹਾਊਸ ਨੰ.36 ਟੂ ਐਚਐਮ 1 ਬਲਾਕ ਐਂਡ ਮਿਸਲੇਨੀਅਸ ਰਿਪੇਅਰ ਵਰਕਸ ਇੰਨ ਵਾਰਡ ਨੰ.10 ਫੇਜ਼-4</td><td>12.44 ”</td></tr>
<tr><td>5</td><td>ਪ੍ਰੋਵਾਈਡਿੰਗ/ਲੇਇੰਗ ਆਫ ਕਰਬ ਐਂਡ ਚੈਨਲ ਇੰਨ ਵਾਰਡ ਨੰ.12 ਮਕਾਨ ਨੰ.335 ਸਾਈਡ, 248 ਟੂ 236, 249 ਟੂ 276 ਸਾਈਡ, 277 ਟੂ 288 ਫੇਜ਼-2, 739 ਟੂ 723 ਫੇਜ਼-4</td><td>13.79 ”</td></tr>
<tr><td>6</td><td>ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕਸ ਇੰਨ ਵਾਰਡ ਨੰ.12, ਮਕਾਨ ਨੰ. 351,343, 191 ਟੂ 195,186 ਸਾਈਡ, 187 ਸਾਈਡ, 227 ਆਪੋਜਿਟ ਫੇਜ਼-2</td><td>14.55 ”</td></tr>
<tr><td>7</td><td>ਪ੍ਰੋਵਾਈਡਿੰਗ ਐਂਡ ਫਿਕਸਿੰਗ ਆਫ ਨੰਬਰ ਪਲੇਟਸ ਸਟੇਨਲੈਸ ਸਟੀਲ ਇੰਨ ਵੇਰੀਅਸ ਏਰੀਆ ਇੰਨ ਵਾਰਡ ਨੰ: 12</td><td>10.76 ”</td></tr>
</table></td><td>ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਜਾਂਦਾ ਹੈਕਿ ਫੰਡਾਂ ਦੀ ਉਪਲੱਬਧਤਾ ਅਨੁਸਾਰ ਹੀ ਟੈਂਡਰ ਲਗਾਏ ਜਾਣ</td></tr>
</table>

| | | | | | | | |
|---|---|---|---|---|---|---|---|
| | | | 8 | ਪ੍ਰਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰ:13, ਮ:ਨੰ: 146 ਟੂ 163 ਐਂਡ ਕਰਬ ਐਂਡ ਚੈਨਲ ਐਚ.ਐਲ-207 ਸਾਈਡ, ਐਚ.ਐਲ.-207 ਟੂ 198, ਐਚ.ਐਲ-162 ਟੂ 198, ਫੇਜ-2 | 14.09 ” | | |
| | | | 9 | ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰ.13 ਐਚ.ਐਮ 218 ਟੂ 235, ਐਚ.ਐਮ.14 ਟੂ 30 ਫੇਜ਼-2 | 14.94 ” | | |
| | | | 10 | ਡਿਵੈਲਪਮੇਟ ਆਫ ਪਾਰਕ ਆਪੋਜਿਟ ਐਚ.ਐਮ 235 ਫੇਜ਼-2, ਵਾਰਡ ਨੰ.13 | 13.10 ” | | |
| | | | 11 | ਡਿਵੈਲਪਮੈਂਟ ਆਫ ਪਾਰਕ ਆਪੋਜਿਟ ਐਚਐਮ 225/ਬੂਥ ਨੰ.45, ਐਚ ਐਮ 41, ਹਾਊਸ ਨੰ.63 ਐਂਡ ਪਲੂਸ਼ਨ ਬੋਰਡ ਫੇਜ਼-2 ਵਾਰਡ ਨੰ.13 | 13.15 ” | | |
| | | | 12 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਪੇਵਰ ਬਲਾਕ ਇੰਨ #146, #163 ਐਂਡ ਵੇਰੀਅਸ ਏਰੀਆ ਇੰਨ ਵਾਰਡ ਨੰ: 13, ਫੇਜ-2 | 14.80 ” | | |
| | | | 13 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਨਿਊ ਕਰਬ, ਚੈਨਲ ਐਂਡ ਪੇਵਰ ਬਲਾਕ ਰਿਪੇਅਰ ਇੰਨ ਵਾਰਡ ਨੰ: 14, ਬਲਾਕ 400, 500 ਐਂਡ 300, ਫੇਜ-3ਏ, ਮੋਹਾਲੀ | 14.86 ” | | |
| | | | 14 | ਪ੍ਰੋਵਾਈਡਿੰਗ/ਲੇਇੰਗ ਆਫ ਕਰਬ ਐਂਡ ਚੈਨਲ ਇੰਨ ਵਾਰਡ ਨੰ. 15, ਫੇਜ਼-3ਬੀ1, ਇੰਨ 10 ਮਰਲਾ ਪਾਕਿਟ, ਮੋਹਾਲੀ | 14.60 ” | | |
| | | | 15 | ਪ੍ਰੋਵਾਈਡਿੰਗ/ ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰ: 15, 683 ਟੂ 697, 592 ਟੂ 596, 547 ਟੂ 552 ਐਂਡ ਵੇਰੀਅਸ ਏਰੀਆ ਇੰਨ ਫੇਜ-3ਬੀ1, ਮੋਹਾਲੀ | 13.48 ” | | |
| | | | 16 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਨਿਊ ਕਰਬ, ਚੈਨਲ ਐਂਡ ਰਿਪੇਅਰ ਆਫ ਪੇਵਰ ਬਲਾਕ ਇੰਨ ਵਾਰਡ ਨੰ: 15, ਫੇਜ-3ਬੀ1, 10 ਮਰਲਾ ਪਾਕਿਟ | 14.82 ” | | |
| | | | 17 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਨਿਊ ਕਰਬ, ਚੈਨਲ ਐਂਡ ਰਿਪੇਅਰ ਆਫ ਪੇਵਰ ਬਲਾਕ ਇੰਨ ਵਾਰਡ ਨੰ: 16, ਫੇਜ-3ਬੀ2, 3ਬੀ1 ਐਂਡ ਫੇਜ-5 ਬੈਕ ਸਾਈਡ ਮਾਰਕੀਟ | 14.87 ” | | |

| | | | | | | | |
|---|---|---|---|---|---|---|---|
| | | | 18 | ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ 60ਐਮਐਮ ਪੇਵਰ ਬਲਾਕਸ ਇੰਨ ਹਾਊਸ ਨੰ.2019 ਐਂਡ 2516 ਬਲਾਕਸ ਇੰਨ ਫੇਜ਼-7, ਵਾਰਡ ਨੰ.18 | 14.54 " | | |
| | | | 19 | ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਕਰਬ ਚੈਨਲ ਐਂਡ ਅਦਰ ਮਿਸਲੇਨੀਅਸ ਰਿਪੇਅਰ ਵਰਕਸ ਇੰਨ ਫੇਜ਼-7 ਵਾਰਡ ਨੰ.19 | 14.49 " | | |
| | | | 20 | ਪ੍ਰੋਵਾਈਡਿੰਗ ਸਟਰੀਟ ਲਾਈਟਸ ਇੰਨ ਐਚ.ਈ. ਕੁਆਟਰਸ ਬਲਾਕਸ ਇੰਨ ਫੇਜ-7 ਇੰਨ ਐਸ.ਏ.ਐਸ.ਨਗਰ,ਵਾਰਡ ਨੰ: 20 | 2.07 " | | |
| | | | 21 | ਕੰਨਸ.ਆਫ ਜੋਗਿੰਗ ਟਰੈਕ ਇੰਨ ਸਪੈਸ਼ਲ ਪਾਰਕ ਇੰਨ ਵਾਰਡ ਨੰ.22 ਸੈਕਟਰ-70 | 11.38 " | | |
| | | | 22 | ਰਫ ਕਾਸਟ ਐਸਟੀਮੇਟ ਫਾਰ ਲੇਇੰਗ ਆਫ ਐਸਡੀਬੀਸੀ ਇੰਨ ਵਾਰਡ ਨੰ.22 ਇੰਨ ਸਟਰੀਟਸ ਆਫ ਬਲਾਕ ਨੰ. 1501-1665 ਇੰਨ ਸੈਕਟਰ 70 | 13.93 " | | |
| | | | 23 | ਪ੍ਰੋਵਾਈਡਿੰਗ/ ਲੇਇੰਗ ਪੇਵਰ ਬਲਾਕਸ ਇੰਨ ਐਲ.ਆਈ.ਜੀ.-1267, 1275, 1341 ਸਾਈਡਸ ਇੰਨ ਏਰੀਆ ਆਫ ਵਾਰਡ ਨੰ: 26 | 14.83 " | | |
| | | | 24 | ਪ੍ਰੋਵਾਈਡਿੰਗ/ ਲੇਇੰਗ ਆਫ ਸੀ.ਸੀ. ਫਲੋਰਿੰਗ, ਪੇਵਰ ਬਲਾਕ ਐਂਡ ਐਮ.ਐਸ.ਗਰਿੱਲਸ ਇੰਨ ਐਮ.ਆਈ.ਜੀ.-1296 ਟੂ 1370 ਬਲਾਕ ਫੇਜ-10, ਵਾਰਡ ਨੰ:26 | 14.95 " | | |
| | | | 25 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਨਿਊ ਕਰਬ, ਚੈਨਲ ਐਂਡ ਰਿਪੇਅਰ ਆਫ ਪੇਵਰ ਬਲਾਕ ਇੰਨ ਬੀ-ਰੋਡ ਐਂਡ ਕਨਾਲ ਪਾਕਿਟ ਐਂਡ ਵੇਰੀਅਸ ਏਰੀਆ ਇੰਨ ਵਾਰਡ ਨੰ: 27, ਫੇਜ-10 | 14.32 " | | |
| | | | 26 | ਰਫ ਕਾਸਟ ਐਸਟੀਮੇਟ ਫਾਰ ਵੇਰੀਅਸ ਰਿਪੇਅਰ ਵਰਕ ਇੰਨ ਵਾਰਡ ਨੰ: 27, ਫੇਜ-10 | 10.87 " | | |
| | | | 27 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਪੇਵਰ ਬਲਾਕ ਇੰਨ ਵੇਰੀਅਸ ਏਰੀਆ ਆਫ 16 ਮਰਲਾ ਪਾਕਿਟ ਇੰਨ ਵਾਰਡ ਨੰ: 30, ਫੇਜ-11 | 14.39 " | | |

| | | | | | | | |
|---|---|---|---|---|---|---|---|
| | | | 28 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਪੇਵਰ ਬਲਾਕ ਇੰਨ ਵਾਰਡ ਨੰ: 30, ਗੌਰਮਿੰਟ ਸਕੂਲ ਬਾਊਂਡਰੀ ਵਾਲ ਸਾਈਡ ਟੂ ਪੁਲਿਸ ਸਟੇਸ਼ਨ ਫੇਜ-11 | 14.93 ” | | |
| | | | 29 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਪੇਵਰ ਬਲਾਕ ਅਰਾਂਉਂਡ ਪਾਰਕ ਐਂਡ ਸ਼ਿਫਟਿੰਗ ਆਫ ਗਰਿੱਲ ਹਾਊਸ 2510 ਆਪੋਜਿਟ ਪਾਰਕ, ਵਾਰਡ ਨੰ:30, ਫੇਜ-11 | 5.54 ” | | |
| | | | 30 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਸੀ.ਸੀ. ਫਲੋਰਿੰਗ, ਕਰਬ, ਚੈਨਲ ਐਂਡ ਪੇਵਰ ਬਲਾਕ ਇੰਨ ਵਾਰਡ ਨੰ: 31, ਫੇਜ-11, ਮੋਹਾਲੀ 1349 ਟੂ 1422 ਬਲਾਕ | 14.94 ” | | |
| | | | 31 | ਰਫ ਕਾਸਟ ਐਸਟੀਮੇਟ ਫਾਰ ਰਿਪੇਅਰ ਆਫ ਕਰਬ,ਚੈਨਲ, ਲੇਇੰਗ ਸੀ.ਸੀ.1:2:4 ਐਂਡ ਪੇਵਰ ਬਲਾਕ ਐਂਡ ਅਦਰ ਮਿਸਲੇਨੀਅਸ ਵਰਕ ਇੰਨ ਵਾਰਡ ਨੰ.31 | 14.83 ” | | |
| | | | 32 | ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਲੇਇੰਗ ਆਫ ਸੀ.ਸੀ. 1: 2:4 ਐਂਡ ਅਦਰ ਮਿਸਲੇਨੀਅਸ ਵਰਕ ਵਾਰਡ ਨੰ.31 | 14.95 ” | | |
| | | | 33 | ਰਫ ਕਾਸਟ ਐਸਟੀਮੇਟ ਫਾਰ ਰਿਪੇਅਰ ਐਂਡ ਕਰਬਜ਼, ਚੈਨਲ, ਲੇਇੰਗ ਸੀ.ਸੀ.1:2:4 ਐਂਡ ਪੇਟਰ ਬਲਾਕ ਅਦਰ ਮਿਸਲੇਨੀਅਸ ਵਰਕ ਵਾਰਡ ਨੰ.32 | 14.77 ” | | |
| | | | 34 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਸੀ.ਸੀ. ਫਲੋਰਿੰਗ, ਕਰਬ, ਚੈਨਲ ਐਂਡ ਪੇਵਰ ਬਲਾਕ ਇੰਨ ਵਾਰਡ ਨੰ: 32, 1301 ਟੂ 1349 ਬਲਾਕ, ਫੇਜ-11 | 14.79 ” | | |
| | | | 35 | ਪ੍ਰੋਵਾਈਡਿੰਗ ਐਂਡ ਲੇਇੰਗ ਆਫ ਸੀ.ਸੀ. ਫਲੋਰਿੰਗ, ਕਰਬ, ਚੈਨਲ ਐਂਡ ਪੇਵਰ ਬਲਾਕ ਇੰਨ ਵਾਰਡ ਨੰ: 32, 1410 ਟੂ 1414 ਬਲਾਕ, ਫੇਜ-11 | 14.86 ” | | |
| | | | 36 | ਪ੍ਰੋਵਾਈਡਿੰਗ ਪਾਰਕ ਲਾਈਟਸ ਇੰਨ ਪਾਰਕ ਆਪੋਜਿਟ ਹਾਊਸ ਨੰ: 1419,1451,1440 ਇੰਨ ਵਾਰਡ ਨੰਬਰ 33 ਇੰਨ ਫੇਜ-11 ਐਸ.ਏ.ਐਸ. ਨਗਰ, | 2.75 ” | | |
| | | | 37 | ਪ੍ਰੋਵਾਈਡਿੰਗ ਐਂਡ ਲੇਇੰਗ ਐਂਡ ਪੇਵਰ ਬਲਾਕ ਐਂਡ ਲੇਇੰਗ | 14.70 ” | | |

| | | | | | | | | |
|---|---|---|---|---|---|---|---|---|
| | | | | | ਆਫ ਆਰ.ਸੀ.ਸੀ.ਪਾਇਪ ਇੰਨ ਵਾਰਡ ਨੰ. 34 ਸੈਕਟਰ-66 | | | |
| | | | | 38 | ਰਫ ਕਾਸਟ ਐਸਟੀਮੇਟ ਫਾਰ ਪੀ/ਐਲ ਆਫ ਪੇਵਰ ਬਲਾਕਸ ਇੰਨ # 1094 ਐਂਡ 1206 ਬਲਾਕ ਇੰਨ ਸੈਕਟਰ-68, ਵਾਰਡ ਨੰ: 36 | 14.94 ” | | |
| | | | | 39 | ਰਫ ਕਾਸਟ ਐਸਟੀਮੇਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕਸ ਅਰਾਉਂਡ ਕਾਰਨਰ ਹਾਊਸ ਇੰਨ # 2005, 2014,1039,1089, 1234 ਐਂਡ 1120 ਬਲਾਕ ਇੰਨ ਸੈਕਟਰ-68, ਵਾਰਡ ਨੰ: 36 | 14.98 ” | | |
| | | | | 40 | ਰਫ ਕਾਸਟ ਐਸਟੀਮੈਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਇੰਨ ਹਾਊਸ ਨੰ.2241 ਐਂਡ 2277 ਬਲਾਕਸ ਇੰਨ ਵਾਰਡ ਨੰ.36 ਸੈਕਟਰ-68 ਐਡਜੁਆਨਿੰਗ ਏਰੀਆ | 14.90 ” | | |
| | | | | 41 | ਰਫ ਕਾਸਟ ਐਸਟੀਮੈਟ ਫਾਰ ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਅਰਾਉਂਡ ਕਾਰਨਰ ਹਾਊਸ ਇੰਨ 2201, 2227, 2230, 2241 ਐਂਡ 2072 ਬਲਾਕ ਇੰਨ ਵਾਰਡ ਨੰ.36 ਸੈਕਟਰ-68 | 14.13 ” | | |
| | | | | 42 | ਰਫ ਕਾਸਟ ਐਸਟੀਮੇਟ ਫਾਰ ਰਿਪੇਅਰ ਆਫ ਕਰਬ ਚੈਨਲ, ਪੇਵਰ ਬਲਾਕਸ ਐਂਡ ਅਦਰ ਮਿਸਲੇਨੀਅਸ ਵਰਕਸ ਇੰਨ ਸਟਰੀਟਸ ਆਫ ਵਾਰਡ ਨੰ: 44, ਸੈਕਟਰ-71 | 12.25 ” | | |
| | | | | 43 | ਰਫ ਕਾਸਟ ਐਸਟੀਮੇਟ ਫਾਰ ਲੇਇੰਗ ਆਫ ਪੇਵਰ ਬਲਾਕਸ ਐਂਡ ਅਦਰ ਮਿਸਲੇਨੀਅਸ ਵਰਕਸ ਇੰਨ ਸਟਰੀਟਸ ਆਫ 12 ਮਰਲਾ ਪਾਕਟ ਆਫ ਵਾਰਡ ਨੰ: 44, ਸੈਕਟਰ-71 | 14.83 ” | | |
| | | | | 44 | ਰਫ ਕਾਸਟ ਐਸਟੀਮੈਟ ਫਾਰ ਲੇਇੰਗ ਆਫ ਪੇਵਰ ਬਲਾਕਸ ਕਰਬ/ਚੈਨਲ ਐਂਡ ਅਦਰ ਮਿਸਲੇਨੀਅਸ ਵਰਕਸ ਆਪੋਜਿਟ ਗਰੇਸੀਅਨ ਹਸਪਤਾਲ ਸਟਰੀਟ ਐਂਡ ਐਡਜੁਆਨਿੰਗ ਏਰੀਆ ਇੰਨ ਵਾਰਡ ਨੰ.46 ਸੈਕਟਰ-69 | 14.21 ” | | |
| | | | | 45 | ਰਫ ਕਾਸਟ ਐਸਟੀਮੈਟ ਫਾਰ ਵੈਰੀਅਸ ਥਰਮੋਪਲਾਸਟਿਕ ਪੇਂਟ ਵਰਕ ਇੰਨ ਸੈਕਟਰ-70,ਐਸ.ਏ.ਐਸ.ਨਗਰ। | 14.72 ” | | |

<table>
<tr><td></td><td></td><td></td><td>
<table>
<tr><td>46</td><td>ਐਸਟੀਮੇਟ ਫਾਰ ਪ੍ਰੋਵਾਈਡਿੰਗ ਐਲ.ਈ.ਡੀ. ਇਮਬੈਡਡ ਜੈਬਰਾ ਕਰੋਸਿੰਗ ਮੇਕਰਸ ਐਟ ਕਰੋਸਿੰਗ ਨੀਅਰ ਗੁਰਦੁਆਰਾ ਅੰਬ ਸਾਹਿਬ ਫੇਜ-8 ਐਂਡ 7 ਚੌਕ ਐਂਡ ਪੀ.ਸੀ.ਐਲ. ਚੌਕ ਇੰਨ ਐਸ.ਏ.ਐਸ.ਨਗਰ।</td><td>13.82 ”</td></tr>
<tr><td>47</td><td>ਰਫ ਕਾਸਟ ਐਸਟੀਮੇਟ ਫਾਰ ਕੰਪਰੈਹਨਿਸਵ ਏ.ਐਮ.ਸੀ. ਆਫ ਕੰਪਿਊਟਰਸ, ਪ੍ਰਿੰਟਰਸ, ਸਕੈਨਰ, ਯੂ.ਪੀ.ਐਸ. ਐਂਡ ਰਿਲੇਟਡ ਅਸੈਸਰੀਸ ਇੰਨ ਮਿਊਂਸਪਲ ਕਾਰਪੋਰੇਸ਼ਨ ਆਫਿਸ ਆਫ ਸੈਕਟਰ-68, ਐਸ.ਏ.ਐਸ. ਨਗਰ</td><td>1.63 ”</td></tr>
<tr><td>48</td><td>ਰਫ ਕਾਸਟ ਐਸਟੀਮੈਟ ਫਾਰ ਪ੍ਰੀਪਰੇਸ਼ਨ ਆਫ ਸਵੱਛਤਾ ਰੱਥ ਫਾਰ ਅਵੈਨੈਸ ਇੰਨ ਆਡੀਓ/ਵੀਡੀਓ ਰੀਗਾਰਡਿੰਗ ਐਸ.ਬੀ.ਐਮ</td><td>3.20 ”</td></tr>
<tr><td>49</td><td>ਰਫ ਕਾਸਟ ਐਸਟੀਮੇਟ ਫਾਰ ਇੰਨਸਟਾਲੇਸ਼ਨ ਆਫ ਸੀ.ਸੀ.ਟੀ. ਵੀ ਕੈਮਰਾਜ਼ ਸਿਸਟਮ ਇੰਨ ਡੰਪਿਗ ਗਰਾਉਂਡ ਇੰਡ.ਏਰੀਆ ਫੇਜ਼-8ਬੀ</td><td>4.33 ”</td></tr>
<tr><td>50</td><td>ਰਫ ਕਾਸਟ ਐਸਟੀਮੈਟ ਫਾਰ ਫੈਨਸਿੰਗ ਆਫ ਸੀ ਐਂਡ ਡੀ ਵੇਸਟ ਸਾਈਟ ਐਮ.ਸੀ.,ਐਸ.ਏ.ਐਸ.ਨਗਰ</td><td>13.74 ”</td></tr>
<tr><td>51</td><td>ਰਫ ਕਾਸਟ ਐਸਟੀਮੈਟ ਫਾਰ ਕੰਨਸਟਰੱਕਸ਼ਨ ਆਫ ਰੂਮ ਐਂਡ ਸੈਂਡ ਫਾਰ ਸੀ ਐਂਡ ਡੀ ਵੇਸਟ ਪ੍ਰੋਸੈਸਿੰਗ ਸਾਈਟਸ</td><td>13.98 ”</td></tr>
</table>
</td><td></td></tr>
<tr><td>9</td><td>1958</td><td>12.02.20</td><td>
<u>ਹੇਠ ਲਿਖੀਆਂ ਆਈਟਮਾਂ ਮੇਅਰ ਸਾਹਿਬ ਦੀ ਆਗਿਆ ਨਾਲ ਪੇਸ਼ ਕੀਤੀਆਂ ਗਈਆਂ :-</u><br>
ਇੰਜੀਨੀਅਰਿੰਗ ਸ਼ਾਖਾ ਵੱਲੋਂ ਹੇਠ ਲਿਖੇ ਤਖਮੀਨੇ ਤਿਆਰ ਕੀਤੇ ਗਏ ਹਨ, ਜੋ ਕਿ ਤਕਨੀਕੀ ਪ੍ਰਵਾਨਗੀ ਤੋਂ ਬਾਅਦ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਪੇਸ਼ ਹਨ:-
<table>
<tr><td>ਲੜੀ ਨੰ:</td><td>ਕੰਮ ਦੇ ਤਖਮੀਨੇ ਦਾ ਨਾਮ</td><td>ਅਨੁਮਾਨਤਲਾਗਤ (ਲੱਖਾਂ ਵਿੱਚ)</td></tr>
<tr><td>1</td><td>ਰਫ ਕਾਸਟ ਐਸਟੀਮੇਟ ਫਾਰ ਸਪਲਾਈ ਆਫ ਕਲੋਰੀਨ ਗੈਸ ਐਂਡ ਮੇਨਟੀਨੈਂਸ ਆਫ ਗੈਸ ਕਲੋਰੀਨੇਟਰਸ ਇੰਨ ਇੰਡ: ਏਰੀਆ ਫੇਜ-6, 7, 8, 9 ਐਂਡ 9 ਐਕਸਟੈਂਸਨ ਐਂਡ ਵਿਲੇਜ ਮੋਹਾਲੀ ਇੰਨ ਐਮ.ਸੀ. ਐਸ.ਏ.ਐਸ.ਨਗਰ ਫਾਰ ਦਾ ਈਅਰ 2019-20</td><td>14.92 ਲੱਖ</td></tr>
<tr><td>2</td><td>ਰਫ ਕਾਸਟ ਐਸਟੀਮੇਟ ਫਾਰ ਮੇਨਟੀਨੈਂਸ ਆਫ ਜਨਰੇਟਰ ਸੈਟਸ</td><td>2.91 ”</td></tr>
</table>
</td><td>ਸਰਬ ਸੰਮਤੀ ਨਾਲ ਪ੍ਰਵਾਨ ਕੀਤਾ ਜਾਂਦਾ ਹੈਕਿ ਫੰਡਾਂ ਦੀ ਉਪਲੱਬਧਤਾ ਅਨੁਸਾਰ ਹੀ ਟੈਂਡਰ ਲਗਾਏ ਜਾਣ।</td></tr>
</table>

<table>
<tr>
<td></td>
<td></td>
<td></td>
<td>
<table>
<tr><td></td><td>ਲੋਕੇਟਡ ਐਟ ਵੇਰੀਅਸ ਟਿਊਬਵੈਲਸ ਆਫ ਵਾਟਰ ਸਪਲਾਈ ਸਕੀਮ ਬੀਇੰਗ ਮੇਨਟਡ ਬਾਏ ਐਮ.ਸੀ. ਐਸ.ਏ.ਐਸ.ਨਗਰ ਫਾਰ ਈਅਰ 2019-20</td><td></td></tr>
<tr><td>3</td><td>ਰਫ ਕਾਸਟ ਐਸਟੀਮੈਟ ਫਾਰ ਪ੍ਰੋਵਾਈਡਿੰਗ/ਫਿਕਸਿੰਗ ਆਫ ਐਸ ਐਸ ਸਾਈਨਏਜ਼ ਬੋਰਡ ਐਟ ਵੈਰੀਅਸ ਸਟਰੀਟਸ ਇੰਨ ਵਾਰਡ ਨੰ.18, ਫੇਜ਼-7, ਮੋਹਾਲੀ।</td><td>14.91 ”</td></tr>
<tr><td>4</td><td>ਰਫ ਕਾਸਟ ਐਸਟੀਮੈਟ ਫਾਰ ਪ੍ਰੋਵਾਈਡਿੰਗ/ਫਿਕਸਿੰਗ ਆਫ ਐਸ ਐਸ ਸਾਈਨਏਜ਼ ਬੋਰਡ ਐਟ ਵੈਰੀਅਸ ਸਟਰੀਟਸ ਇੰਨ ਵਾਰਡ ਨੰ.21, ਫੇਜ਼-7, ਮੋਹਾਲੀ।</td><td>14.64 ”</td></tr>
<tr><td>5</td><td>ਰਫ ਕਾਸਟ ਐਸਟੀਮੈਟ ਫਾਰ ਕੰਨਸ.ਆਫ ਲਾਇਬਰੇਰੀ ਇੰਨ ਫੇਜ਼-3ਏ</td><td>14.90 ”</td></tr>
<tr><td>6</td><td>ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਐਂਡ ਲੇਇੰਗ ਸੀ.ਸੀ. ਫਲੋਰਿੰਗ ਇੰਨ ਬਲਾਕ ਨੰ. 1301 ਟੂ 1349 ਐਂਡ ਵੈਰੀਅਸ ਏਰੀਆ ਵਾਰਡ ਨੰ.32 ਫੇਜ਼-11</td><td>14.97 ”</td></tr>
<tr><td>7</td><td>ਪ੍ਰੋਵਾਈਡਿੰਗ/ਲੇਇੰਗ ਆਫ ਪੇਵਰ ਬਲਾਕ ਐਂਡ ਲੇਇੰਗ ਸੀ.ਸੀ. ਫਲੋਰਿੰਗ ਇੰਨ ਬਲਾਕ ਨੰ. 1350 ਟੂ 1436 ਐਂਡ ਵੈਰੀਅਸ ਏਰੀਆ ਵਾਰਡ ਨੰ.31 ਫੇਜ਼-11</td><td>14.92 ”</td></tr>
</table>
</td>
<td></td>
</tr>
<tr>
<td>10</td>
<td>1959</td>
<td>12.02.20</td>
<td><u>Rough cost estimate for providing services of one No. Bolero/ jeep mounted sewer/ storm jetting machine with services of 2 No. Sewerman and driver for use in village matour, SAS Nagar (W.E.F. 01.02.2020 to 31.07.2020)</u> (Amount = Rs 4.81 Lacs)<br><br>ਰਿਪੋਰਟ ਇੰਜਨੀਅਰਿੰਗ ਸ਼ਾਖਾ ਕਿ ਵਿਸ਼ੇ ਸਬੰਧੀ ਇਸ ਦਫਤਰ ਵਿਖੇ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸਨ ਮੰਡਲ-1, ਮੋਹਾਲੀ ਵਲੋ ਆਪਣੇ ਪੱਤਰ ਨੰ: 97 ਮਿਤੀ 06-01-2020 ਰਾਹੀਂ 4.81 ਲੱਖ ਰੂਪੈ ਦਾ ਤਖਮੀਨਾ ਫੰਡਜ ਉਪਲਭਦ ਕਰਾਉਣ ਅਤੇ ਪ੍ਰਸ਼ਾਸ਼ਕੀ ਪ੍ਰਵਾਨਗੀ ਦੇਣ ਹਿੱਤ ਪ੍ਰਾਪਤ ਹੋਇਆ ਹੈ।ਇਸ ਸਬੰਧੀ ਉਹਨਾ ਵੱਲੋ ਆਪਣੀ ਰਿਪੋਰਟ ਵਿੱਚ ਲਿਖਿਆ ਗਿਆ ਹੈ ਕਿ ਪਿੰਡ ਮਟੌਰ, ਐਸ.ਏ.ਐਸ.ਨਗਰ ਵਿੱਚ ਸੰਘਣੀ ਅਬਾਦੀ ਹੋਣ ਕਰਕੇ ਉੱਥੇ ਇਕ ਜੀਪ ਮਾਊਂਟੇਡ ਸੀਵਰ/ ਸਟਾਰਮ ਜੈਟਿੰਗ ਮਸ਼ੀਨ ਸਮੇਤ 02 ਸੀਵਰਮੈਨ ਤੇ ਡਰਾਇਵਰ ਮੁਹੱਈਆ ਕਰਨ ਸਬੰਧੀ ਤਖਮੀਨਾ 5.00 ਲੱਖ ਰੁਪਏ ਦੀ ਲਾਗਤ ਨਾਲ ਮਿਤੀ 01.08.2019 ਤੋਂ 31.01.2020 ਤੱਕ ਬਣਾ ਕੇ ਨਗਰ ਨਿਗਮ, ਐਸ.ਏ.ਐਸ.ਨਗਰ ਨੂੰ ਭੇਜਿਆ ਗਿਆ ਸੀ।ਜਿਸਦੀ</td>
<td>ਸਰਬ ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

| | | | | |
|---|---|---|---|---|
| | | | ਪ੍ਰਵਾਨਗੀ ਮਤਾ ਨੰ: 1657 ਮਿਤੀ 20.08.2019 ਦੀ ਵਿੱਤ ਅਤੇ ਠੇਕਾ ਕਮੇਟੀ ਦੀ ਬੈਠਕ ਵਿੱਚ ਪ੍ਰਾਪਤ ਹੋ ਗਈ ਸੀ ਅਤੇ ਇਸ ਸਬੰਧੀ ਪ੍ਰਸ਼ਾਸ਼ਕੀ ਪ੍ਰਵਾਨਗੀ ਨਗਰ ਨਿਗਮ,ਐਸ.ਏ.ਐਸ.ਨਗਰ ਦੇ ਪੱਤਰ ਨੰ: 2199 ਮਿਤੀ 29.08.2019 ਰਾਹੀਂ ਪ੍ਰਾਪਤ ਹੋ ਗਈ ਸੀ।ਕਿਉਂਜੋ ਇਸ ਪ੍ਰਵਾਨਗੀ ਦੀ ਮਿਆਦ ਮਿਤੀ 31.01.2020 ਨੂੰ ਖਤਮ ਹੋ ਰਹੀ ਹੈ।ਇਸ ਅਹਿਮ ਕੰਮ ਲਈ ਅੱਗੇ ਵੀ ਪ੍ਰਵਾਨਗੀ ਲੋੜੀਂਦੀ ਹੈ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਮਿਤੀ 01.02.2020 ਤੋਂ 31.07.2020 ਤੱਕ ਲਈ ਨਵਾਂ ਤਖਮੀਨਾ ਪ੍ਰਸ਼ਾਸ਼ਕੀ ਪ੍ਰਵਾਨਗੀ ਅਤੇ ਫੰਡਜ ਦੀ ਵਿਵਸਥਾ ਕਰਨ ਹਿੱਤ ਭੇਜਿਆ ਗਿਆ ਹੈ। ਉਕਤ ਕੰਮ ਨੂੰ ਮੁੱਖ ਰੱਖਦੇ ਹੋਏ ਏਰੀਏ ਦਾ ਸਰਵੇ ਕਰਵਾਇਆ ਗਿਆ ਅਤੇ ਲੋੜੀਂਦਾ ਫੀਲਡ ਡਾਟਾ ਤਿਆਰ ਕਰਕੇ ਇਸ ਨੂੰ ਭੇਜਿਆ ਗਿਆ ਹੈ।ਇਸ ਕੰਮ ਸਬੰਧੀ ਤਖਮੀਨੇ ਦੇ ਅੰਕੜੇ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਵੱਲੋਂ ਤਿਆਰ ਕੀਤੇ ਗਏ ਹਨ।ਉਕਤ ਅਨੁਸਾਰ ਇਸ ਕੰਮ ਦਾ ਰਫ ਕਾਸਟ ਤਖਮੀਨਾ ਤਿਆਰ ਕਰਕੇ ਇਸ ਦਫਤਰ ਨੂੰ ਭੇਜਿਆ ਗਿਆ ਹੈ। ਪਬਲਿਕ ਹੈਲਥ ਵਿਭਾਗ ਦੇ ਸਟਾਫ ਵੱਲੋਂ ਮੌਕਾ ਚੈਕ ਕੀਤਾ ਗਿਆ ਅਤੇ ਪਾਇਆ ਗਿਆ ਕਿ ਮੌਕੇ ਤੇ ਕੰਮ ਹੋਣ ਵਾਲਾ ਹੈ। ਇਸ ਲਈ ਤਖਮੀਨੇ ਦੀ ਰਕਮ (4,76,256/-ਰੁਪਏ ਅਤੇ ਐਡਵਰਟਾਈਜਮੈਂਟ ਚਾਰਜਜ ਦੀ ਰਕਮ 4,763/- ਰੁਪਏ) ਕੁਲ ਰਕਮ 4,81,019/-ਰੁਪਏ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਦੇਣ ਅਤੇ ਫੰਡਜ ਉਪਲਭਧ ਕਰਾਉਣ ਸਬੰਧੀ ਕੇਸ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਵਿੱਤ ਅਤੇ ਠੇਕਾ ਕਮੇਟੀ ਵਿੱਚ ਪ੍ਰਵਾਨਗੀ ਹਿੱਤ ਪੇਸ਼ ਹੈ। | |

ਸਹੀ/-
ਮੇਅਰ,
ਨਗਰ ਨਿਗਮ,
ਐਸ.ਏ.ਐਸ.ਨਗਰ

ਪਿੱਠ ਅੰਕਣ ਨੰ.............................. ਮਿਤੀ.....................

ਉਪਰੋਕਤ ਦਾ ਉਤਾਰਾ :

1) ਮਾਨਯੋਗ ਮੇਅਰ/ਕਮਿਸ਼ਨਰ/ਸੀਨੀਅਰ ਡਿਪਟੀ ਮੇਅਰ/ਡਿਪਟੀ ਮੇਅਰ/ਸ੍ਰੀ ਅਮਰੀਕ ਸਿੰਘ ਸੋਮਲ,ਮੈਂਬਰ/ਸ੍ਰੀ ਫੂਲਰਾਜ ਸਿੰਘ,ਮੈਂਬਰ (ਵਿੱਤ ਤੇ ਠੇਕਾ ਕਮੇਟੀ) ਨਗਰ ਨਿਗਮ ਐਸ.ਏ.ਐਸ.ਨਗਰ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2) ਸਯੁੰਕਤ ਕਮਿਸ਼ਨਰ/ ਨਿਗਰਾਨ ਇੰਜੀਨੀਅਰ/ ਸਮੂਹ ਨਿਗਮ ਇੰਜੀਨੀਅਰ/ ਐਮ.ਟੀ.ਪੀ./ ਡੀ.ਸੀ.ਐਫ.ਏ/ ਏ.ਡੀ.ਐਫ.ਓ./ ਸਮੂਹ ਸੁਪਰਡੈਂਟ/ ਇੰਚਾਰਜ਼ ਸੈਨੀਟੇਸ਼ਨ ਸ਼ਾਖਾ/ ਕੇਅਰ-ਟੇਕਰ/ ਕੰਪਿਊਟਰ ਪ੍ਰੋਗਰਾਮਰ/ ਏ.ਸੀ.ਐਲ.ਏ.ਨੂੰ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ,
ਨਗਰ ਨਿਗਮ,
ਐਸ.ਏ.ਐਸ.ਨਗਰ।